pstcl
PUNJAB STATE TRANSMISSION CORPORATION LIMITED
**PUNJAB STATE TRANSMISSION CORPORATION LTD.**
**(Regd. Office: PSEB Head Office, The Mall, PATIALA-147001)**
**Corporate Identity Number: U40109PB2010SGC033814**
**(Office of the Chief Financial Officer, Dy. CAO/HQ, PSTCL, Patiala)**
**e-mail ID.dy-cao-hq@pstcl.org – Mob No. 96461-21778**

ਵੱਲ

ਸਮੂਹ ਵਧੀਕ ਨਿਗਰਾਨ ਇੰਜੀ:/ਸੀਨੀ: ਕਾਰਜਕਾਰੀ ਇੰਜੀ:/ਲੇਖਾ ਅਫਸਰ (ਡੀ.ਡੀ.ਓਜ਼) ਪੀਐਸਟੀਸੀਐਲ।

ਵੈਬਸਾਈਟ ਰਾਂਹੀ

ਮੀਮੋ ਨੰ: 26 ਮਿਤੀ: 19.01.2022

**ਵਿਸ਼ਾ:** **ਪੀਐਸਟੀਸੀਐਲ ਵਿੱਚ ਅਡਾਪਟ ਕੀਤੇ ਪਾਵਰਕਾਮ ਦੇ 6ਵੇ ਪੰਜਾਬ ਪੇ ਕਮਿਸ਼ਨ ਦੇ ਸਰਕੁਲਰਾਂ ਸਬੰਧੀ 1 ਜੁਲਾਈ 2021 ਤੋਂ ਬਣਦੇ ਏਰੀਅਰ ਦੀ ਕੈਲਕੁਲੇਸ਼ਨ ਲਈ ਤਿਆਰ ਕੀਤੇ ਸਾਫਟਵੇਅਰ ਦੀ ਹਦਾਇਤਾਂ ਸਬੰਧੀ।**

ਹਵਾਲਾ: ਮੁੱਖ ਵਿੱਤ ਅਫਸਰ (ਵਿੱਤ ਅਤੇ ਆਡਿਟ), ਪੀਐਸਟੀਸੀਐਲ, ਪਟਿਆਲਾ ਜੀ ਦੇ ਦਫਤਰ ਦੇ ਮੀਮੋ ਨੰ: 13/18/ਸੀ.ਏ.ਓ. (ਐਫ ਅਤੇ ਏ.)/ਬਜਟ-46 ਮਿਤੀ 04.01.2022 ਦੀ ਲਗਾਤਾਰਤਾ ਵਿੱਚ।

ਹਵਾਲਾ ਅਧੀਨ ਜਾਰੀ ਮੀਮੋ ਰਾਹੀਂ ਪੀਐਸਟੀਸੀਐਲ ਵਿੱਚ ਅਡਾਪਟ ਕੀਤੇ ਪਾਵਰਕਾਮ ਦੇ 6ਵੇ ਪੰਜਾਬ ਪੇ ਕਮਿਸ਼ਨ ਦੇ ਸਰਕੁਲਰਾਂ ਦੇ ਸਬੰਧ ਵਿੱਚ ਸਮਾਂ 01.07.2021 ਤੋ ਬਣਦੇ ਏਰੀਅਰ ਦੀ ਆਟੋਮੈਟਿਕ ਕੈਲਕੁਲੇਸ਼ਨ ਕਰਨ ਲਈ ਪੀਐਸਟੀਸੀਐਲ ਆਈ.ਟੀ ਦੀ ਸਹਾਇਤਾ ਨਾਲ ਇੱਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ ਜੋ ਕਿ "arrearcal.pstcl.org" ਲਿੰਕ ਤੇ ਉਪਲੱਬਧ ਹੈ। ਇਸ ਪੈਕੇਜ਼ ਵਿੱਚ ਤੁਹਾਡੇ ਅਧੀਨ ਆਉਂਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਏਰੀਅਰ ਦੀ ਕੈਲਕੁਲੇਸ਼ਨ ਤਿਆਰ ਕਰਨ ਲਈ ਤੁਹਾਡੇ ਵੱਲੋਂ ਪੇ ਫਿਕਸੇਸ਼ਨ ਕੀਤੀ ਡੀਊ ਸੈਲਰੀ, ਸਮਾਂ, ਐਚ.ਆਰ.ਏ (ਸਮੇਤ ਰਿਕਵਰੀ ਜੇ ਹੋਵੇ) ਆਦਿ ਐਂਟਰ ਕੀਤਾ ਜਾਣਾ ਹੈ ਅਤੇ ਇਹ ਸਾਫਟਵੇਅਰ ਅਧਿਕਾਰੀ/ਕਰਮਚਾਰੀ ਦੁਆਰਾ ਉਸ ਸਮੇਂ ਦੀ ਡਰਾਅ ਕੀਤੀ ਸੈਲਰੀ ਅਤੇ ਇਨਪੁਟ ਕੀਤੀ ਡੀਊ ਸੈਲਰੀ ਦੇ ਅਧਾਰ ਤੇ ਏਰੀਅਰ ਦੀ ਕੈਲਕੁਲੇਸ਼ਨ ਤਿਆਰ ਕਰ ਦੇਵੇਗਾ। ਇਹ ਕੈਲਕੁਲੇਸ਼ਨ ਡੀ.ਡੀ.ਓ ਆਪਣੇ ਪੱਧਰ ਤੇ ਦੁਬਾਰਾ ਚੰਗੀ ਤਰ੍ਹਾਂ ਪੜਤਾਲ ਕਰਕੇ, ਪ੍ਰਵਾਨਗੀ ਉਪਰੰਤ ਸੈਲਰੀ ਪੈਕੇਜ਼ ਵਿੱਚ ਅਦਾਇਗੀ ਲਈ ਏਰੀਅਰ ਲੈਜਰ ਵਿੱਚ ਦਰਜ ਕਰੇਗਾ। ਜੇਕਰ ਏਰੀਅਰ ਦੀ ਕੈਲਕੁਲੇਸ਼ਨ ਵਿੱਚ ਡੀ.ਡੀ.ਓ ਨੂੰ ਕਿਸੇ ਵੀ ਕਿਸਮ ਦੀ ਕੋਈ ਤਰੁੱਟੀ ਜਾਪਦੀ ਹੈ ਤਾਂ ਉਹ ਉਸ ਨੂੰ ਆਪਣੇ ਪੱਧਰ ਤੇ ਠੀਕ ਕਰਕੇ ਬਣਦਾ ਸਹੀ ਏਰੀਅਰ ਹੀ ਅਦਾਇਗੀ ਲਈ ਏਰੀਅਰ ਲੈਜਰ ਵਿੱਚ ਪਾਵੇਗਾ। ਏਰੀਅਰ ਦੀ ਅਦਾਇਗੀ ਉਪਰੰਤ ਡੀ.ਡੀ.ਓ ਇਸ ਸਾਫਟਵੇਅਰ ਵਿੱਚ ਸਬੰਧਤ ਅਧਿਕਾਰੀ/ਕਰਮਚਾਰੀ ਦੀ ਏਰੀਅਰ ਕੈਲਕੁਲੇਸ਼ਨ ਫਰੀਜ਼ ਕਰ ਦੇਵੇਗਾ ਜਿਸ ਨਾਲ ਕਿ ਮੁੜ ਉਸ ਅਧਿਕਾਰੀ ਜਾਂ ਕਰਮਚਾਰੀ ਦੀ ਏਰੀਅਰ ਦੀ ਕੈਲਕੁਲੇਸ਼ਨ ਨਹੀਂ ਹੋ ਸਕੇਗੀ। ਇਸ ਪੈਕੇਜ਼ ਨੂੰ ਵਰਤਣ ਦੀਆਂ ਹਦਾਇਤਾਂ ਨਾਲ ਨੱਥੀ ਹਨ। ਸਾਫਟਵੇਅਰ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਔਕੜ ਆਉਣ ਤੇ ਸ੍ਰੀ ਸਾਹਿਲ ਕੋਹਲੀ ਡੀ.ਐਮ/ਆਈ.ਟੀ ਮੋਬਾਇਲ ਨੰ: 96461-17953, ਸ੍ਰੀ ਜਗਜੀਵਨ ਸਿੰਘ, ਲੇਖਾ ਅਫਸਰ/ਤਨਖਾਹ ਅਤੇ ਲੇਖਾ ਮੋਬਾਇਲ ਨੰ: 96461-05021 ਜਾਂ ਨਿਮਨਹਸਤਾਖਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਪੈਕੇਜ਼ ਵਿੱਚ ਕੇਵਲ ਟੈਨਟੇਟਿਵ ਕੈਲਕੁਲੇਸ਼ਨ ਹੀ ਮੁਹੱਈਆ ਕਰਵਾਈ ਗਈ ਹੈ। ਡੀ.ਡੀ.ਓਜ ਹਰ ਇੱਕ ਅਧਿਕਾਰੀ/ਕਰਮਚਾਰੀ ਦੀ ਏਰੀਅਰ ਰਕਮ ਆਪਣੇ ਪੱਧਰ ਤੇ ਜ਼ਰੂਰ ਚੈਕ ਕਰ ਲੈਣ। ਚੈਕ ਕਰਨ ਉਪਰੰਤ ਹੀ ਡੀ.ਡੀ.ਓਜ ਏਰੀਅਰ ਦੀ ਰਕਮ ਅਦਾਇਗੀ ਹਿੱਤ ਸੈਲਰੀ ਪੈਕੇਜ਼ ਵਿੱਚ ਮਹੀਨਾ ਜਨਵਰੀ- 2022 ਤੋਂ ਪੋਸਟ ਕਰਨਗੇ। ਏਰੀਅਰ ਸ਼ੀਟ ਵਿੱਚ ਕੈਲਕੁਲੇਟ ਕੀਤੀ ਏਰੀਅਰ ਦੀ ਰਕਮ ਨੂੰ ਚੈੱਕ ਕੀਤੇ ਬਿਨਾਂ ਸੈਲਰੀ ਪੈਕੇਜ਼ ਵਿੱਚ ਅਦਾਇਗੀ ਲਈ ਪੋਸਟ ਨਾ ਕੀਤਾ ਜਾਵੇ ਜੀ। ਕਿਸੇ ਵੀ ਸੂਰਤ ਵਿੱਚ ਅਧਿਕਾਰੀ/ਕਰਮਚਾਰੀ ਨੂੰ ਏਰੀਅਰ ਦੀ ਵਾਧੂ ਅਦਾਇਗੀ ਹੋਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਡੀ.ਡੀ.ਓਜ ਦੀ ਹੋਵੇਗੀ।

ਇਹ ਪੱਤਰ ਮੁੱਖ ਵਿੱਤ ਅਫਸਰ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

Sd/- 19/1/2022
ਉਪ ਮੁੱਖ ਲੇਖਾ ਅਫਸਰ/ਹੈਡ ਕੁਆਟਰ
ਪੀਐਸਟੀਸੀਐਲ, ਪਟਿਆਲਾ।

Scanned with CamScanner

**ਵੈਬਸਾਈਟ - "arrearcal.pstcl.org"**

1. Login with Location code eg "896"
2. Password = pstcl "Location code". Login ਤੋਂ ਬਾਅਦ ਪਾਸਵਰਡ ਬਦਲ ਲਿਆ ਜਾਵੇ।
3. ਇਹ ਲਾਗਇਨ 1 ਜੁਲਾਈ 2021 ਤੋਂ ਬਾਅਦ ਬਣਦੇ ਸੈਲਰੀ ਏਰੀਅਰ ਦੇ ਕੈਲਕੁਲੇਸ਼ਨ ਲਈ ਹੈ।
4. ਇਸ ਪੈਕੇਜ਼ ਵਿੱਚ 1 ਜੁਲਾਈ 2021 ਤੋਂ 31 ਦਸੰਬਰ 2021 ਦੇ ਸਮੇਂ ਦੇ Regular Salary Ledger, Arrear 1 ਅਤੇ Arrear 2 ਲੈਜਰਾਂ ਦਾ Monthwise Employeewise ਡਾਟਾ ਹੀ Drawn Salary ਲਈ ਵਰਤਿਆ ਗਿਆ ਹੈ। ਜਨਵਰੀ 2022 ਮਹੀਨੇ ਦਾ ਡਾਟਾ ਫਰਵਰੀ ਦੇ ਪਹਿਲੇ ਹਫਤੇ ਵਿੱਚ Drawn Salary ਲਈ ਅਪਡੇਟ ਕੀਤਾ ਜਾਵੇਗਾ।
5. ਸੀ.ਪੀ.ਐਫ 14% Employer Share ਦੇ ਏਰੀਅਰ ਦੀ ਕੈਲਕੁਲੇਸ਼ਨ 5 ਜੁਲਾਈ 2021 ਤੋਂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸੀ.ਪੀ.ਐਫ 10% Employer Share ਨਾਲ ਕੈਲਕੁਲੇਸ਼ਨ ਕੀਤੀ ਗਈ ਹੈ।
6. "Drawn Data" button press ਕਰਕੇ ਆਈ ਸਕਰੀਨ ਵਿੱਚ ਤੁਹਾਡੀ ਲੋਕੇਸ਼ਨ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਨੇ 1 ਜੁਲਾਈ 2021 ਤੋਂ ਸੈਲਰੀ ਜਾਂ ਏਰੀਅਰ ਡਰਾਅ ਕੀਤਾ ਹੈ ਉਨ੍ਹਾਂ ਦਾ Emp Code ਪਾ ਕੇ ਵੇਰਵਾ ਦੇਖਿਆ ਜਾ ਸਕਦਾ ਹੈ।
7. "Input Pay Fixation Data" button press ਕਰਕੇ ਆਈ ਸਕਰੀਨ ਵਿੱਚ ਅਧਿਕਾਰੀ/ਕਰਮਚਾਰੀ ਦੀ ਪੇ ਫਿਕਸੇਸ਼ਨ ਦਾ ਵੇਰਵਾ ਪਾਇਆ ਜਾਣਾ ਹੈ।
8. "Arrear Calculation " button press ਕਰਕੇ ਆਈ ਸਕਰੀਨ ਵਿੱਚ ਅਧਿਕਾਰੀ/ਕਰਮਚਾਰੀ ਜਿਸ ਦਾ ਕਿ Sr. No. 7 ਅਧੀਨ ਪੇ ਫਿਕਸੇਸ਼ਨ ਡਾਟਾ ਪਾਇਆ ਗਿਆ ਹੈ, ਦਾ due drawn ਦੇ ਅਧਾਰ ਤੇ ਏਰੀਅਰ ਕੈਲਕੁਲੇਟ ਹੋਵੇਗਾ ਜਿਸ ਨੂੰ ਕਿ ਪੀ.ਡੀ.ਐਫ ਜਾਂ ਐਕਸਲ ਵਿੱਚ ਡਾਊਨਲੋਡ ਕਰਕੇ ਸੰਪੂਰਨ ਰੂਪ ਨਾਲ ਚੈੱਕ ਕਰਕੇ ਠੀਕ ਹੋਣ ਤੇ ਡੀ.ਡੀ.ਓ ਦੁਆਰਾ ਪ੍ਰਵਾਨ ਕੀਤਾ ਜਾਵੇ ਜੀ।
9. ਸਬੰਧਤ ਡੀ.ਡੀ.ਓ ਵੱਲੋਂ ਹਰ ਪੱਖੋਂ ਚੈਕਿੰਗ ਤੋਂ ਬਾਅਦ ਏਰੀਅਰ ਨੂੰ ਸੈਲਰੀ ਪੈਕੇਜ਼ ਦੇ ਏਰੀਅਰ ਲੈਜ਼ਰ ਵਿੱਚ ਅਦਾਇਗੀ ਲਈ ਪਾਇਆ ਜਾਵੇ ਜੀ। ਕਿਸੇ ਕਿਸਮ ਦੇ ਫਰਕ ਆਉਣ ਦੀ ਹਾਲਤ ਵਿੱਚ ਮੈਨੁਅਲੀ ਠੀਕ ਕਰਕੇ ਹੀ ਏਰੀਅਰ ਨੂੰ ਅਦਾਇਗੀ ਲਈ ਏਰੀਅਰ ਲੈਜ਼ਰ ਵਿੱਚ ਪਾਇਆ ਜਾਵੇ ਜੀ।
10. ਏਰੀਅਰ ਦੀ ਅਦਾਇਗੀ ਤੋਂ ਬਾਅਦ "Arrear Calculation " ਦੀ ਸਕਰੀਨ ਵਿੱਚ "Freeze Arrear" ਦਾ ਆਪਸ਼ਨ ਦਬਾ ਕੇ ਸਬੰਧਤ ਅਧਿਕਾਰੀ/ਕਰਮਚਾਰੀ ਦਾ ਏਰੀਅਰ ਲਾੱਕ ਕੀਤਾ ਜਾਵੇ ਜੀ ਤਾਂ ਜੋ ਦੁਬਾਰ ਏਰੀਅਰ ਨਾ ਕੈਲਕੁਲੇਟ ਹੋ ਸਕੇ।
11. ਏਰੀਅਰ ਦੀ ਅਦਾਇਗੀ ਨੂੰ ਅਧਿਕਾਰੀ/ਕਰਮਚਾਰੀ ਦੀ ਸੇਵਾ ਪੱਤਰੀ/ਸੇਵਾ ਰਿਕਾਰਡ ਵਿੱਚ ਵੀ ਦਰਜ ਕਰਨਾ ਯਕੀਨੀ ਬਣਾਇਆ ਜਾਵੇ ਜੀ।
12. ਜੇਕਰ ਕਿਸੀ ਅਧਿਕਾਰੀ/ਕਰਮਚਾਰੀ ਨੇ 1 ਜੁਲਾਈ 2021 ਤੋਂ ਤੁਹਾਡੇ ਲੋਕੇਸ਼ਨ ਕੋਡ ਅਧੀਨ ਸੈਲਰੀ ਡਰਾਅ ਨਹੀਂ ਕੀਤੀ ਉਸਦਾ ਏਰੀਅਰ ਕੈਲਕੁਲੇਟ ਨਹੀਂ ਹੋਵੇਗਾ।
13. ਏਰੀਅਰ ਕੈਲਕੁਲੇਸ਼ਨ ਸਾਫਟਵੇਅਰ ਵਿੱਚ 1 ਜੁਲਾਈ 2021 ਤੋਂ 31 ਅਕਤੂਬਰ 2021 ਤੱਕ ਡੀ.ਏ 17% ਅਤੇ 1 ਨਵੰਬਰ 2021 ਤੋਂ ਡੀ.ਏ 28% ਡੀਊ ਸੈਲਰੀ ਲਈ ਕੈਲਕੁਲੇਟ ਕੀਤਾ ਗਿਆ ਹੈ।

Sumit Bansal 19/1/2022

ਉਪ ਮੁਖ ਲੇਖਾ ਅਫਸਰ/ਹੈਡ ਕੁਆਟਰ
ਪੀਐਸਟੀਸੀਐਲ, ਪਟਿਆਲਾ।

Scanned with CamScanner